HERA
housing and economic rights advocates



# ਰਹਿਣਯੋਗਤਾ 101



## ਕੈਲੀਫੋਰਨੀਆ ਵਿੱਚ ਇਕ ਕਿਰਾਏਦਾਰ ਵਜੋਂ ਆਪਣੇ ਅਧਿਕਾਰਾਂ ਅਤੇ ਜ਼ੁੰਮੇਵਾਰੀਆਂ ਨੂੰ ਜਾਣੋ

## ਰਹਿਣਯੋਗਤਾ ਦਾ ਕੀ ਅਰਥ ਹੈ?

**ਇੱਕ "ਰਹਿਣਯੋਗ" ਯੂਨਿਟ ਉਹ ਹੁੰਦਾ ਹੈ ਜੋ ਇਨਸਾਨਾਂ ਦੇ ਰਹਿਣ ਵਾਸਤੇ ਯੋਗ ਹੁੰਦਾ ਹੈ ਅਤੇ ਪ੍ਰਾਂਤਕ ਅਤੇ ਸਥਾਨਕ ਇਮਾਰਤ ਸੁਰੱਖਿਆ ਅਤੇ ਸਿਹਤ ਜ਼ਾਬਤਿਆਂ ਦੀ ਤਾਮੀਲ ਕਰਦਾ ਹੈ।**

## ਇਕ ਰਹਿਣਯੋਗ ਯੂਨਿਟ ਵਿਚ ਕੀ ਲੋੜੀਂਦਾ ਹੁੰਦਾ ਹੈ?

ਇਕ ਰਹਿਣਯੋਗ ਯੂਨਿਟ ਵਿਚ ਨਿਮਨਲਿਖਤ ਲਾਜ਼ਮੀ ਤੌਰ ਤੇ ਹੋਣੇ ਚਾਹੀਦੇ ਹਨ:



- ਅਸਰਦਾਰ ਵਾਟਰਪਰੂਫਿੰਗ ਅਤੇ ਮੌਸਮ ਤੋਂ ਸੁਰੱਖਿਆ
- ਚੱਲ ਰਹੀਆਂ ਪਲੰਮਿੰਗ ਅਤੇ ਗੈਸ ਸੁਵਿਧਾਵਾਂ, ਅਤੇ ਪਾਣੀ ਦੀ ਉਚਿਤ ਸਪਲਾਈ
- ਚਲ ਰਹੀਆਂ ਹੀਟਿੰਗ ਸੁਵਿਧਾਵਾਂ
- ਚੱਲ ਰਿਹਾ ਇਲੈਕਟ੍ਰਿਕ ਸਿਸਟਮ
- ਸਾਫ ਸੁਥਰੀ ਬਿਲਡਿੰਗ
- ਵੈਸਟ ਸੁੱਟਣ ਲਈ ਉਚਿਤ ਪ੍ਰਬੰਧ
- ਚੰਗੀ ਤਰਾਂ ਸੰਭਾਲੇ ਫਰਸ਼ ਅਤੇ ਪੌੜੀਆਂ
- ਕੁੱਝ ਖਾਸ ਦਰਵਾਜਿਆਂ ਤੇ ਡੈੱਡਬੋਲਟ ਤਾਲੇ
- ਲੈੱਡ ਪੇਂਟ ਦਾ ਕੋਈ ਖਤਰਾ ਨਹੀਂ

## ਕਿਰਾਏਦਾਰ ਲਈ ਕੀ ਲੋੜੀਂਦਾ ਹੈ?

ਕਿਰਾਏਦਾਰਾਂ ਨੂੰ ਉਨ੍ਹਾਂ ਦੀ ਆਪਣੀ ਅਣਗਹਿਲੀ ਜਾਂ ਦੁਰਵਿਵਹਾਰ, ਜਾਂ ਪਰਿਵਾਰ, ਮਹਿਮਾਨਾਂ, ਜਾਂ ਉਨ੍ਹਾਂ ਪਾਲਤੂ ਜਾਨਵਰਾਂ ਦੁਆਰਾ ਕੀਤੇ ਨੁਕਸਾਨ ਦੀ ਮੁਰੰਮਤ ਕਰਨੀ ਪਵੇਗੀ, ਜਿਨ੍ਹਾਂ ਲਈ ਉਹ ਜ਼ੁੰਮੇਵਾਰ ਹਨ।

- ਉਦਾਹਰਨ ਵਜੋਂ: ਸਾਂਝੇ ਖੇਤਰਾਂ ਨੂੰ ਸਾਫ਼ ਰੱਖੋ, ਨਿਯਮਿਤ ਤੌਰ 'ਤੇ ਕਚਰੇ ਨੂੰ ਬਾਹਰ ਕੱਢੋ, ਇੱਛਤ ਉਦੇਸ਼ਾਂ ਲਈ ਹੀ ਕਮਰਿਆਂ ਦੀ ਵਰਤੋਂ ਕਰੋ, ਸੰਪਤੀ ਨੂੰ ਖਰਾਬ ਨਾ ਕਰੋ ਜਾਂ ਗੰਭੀਰ ਨੁਕਸਾਨ ਨਾ ਪਹੁੰਚਾਓ



## ਜੇ ਤੁਹਾਨੂੰ ਮੁਰੰਮਤ ਦੀ ਲੋੜ ਹੈ ਤਾਂ ਕੀ ਕੀਤਾ ਜਾਵੇ ਅਤੇ ਮਦਦ ਕਿਵੇਂ ਪ੍ਰਾਪਤ ਕਰਨੀ ਹੈ

- ਮਕਾਨ ਮਾਲਕ ਨਾਲ ਲਿਖਤੀ ਰੂਪ ਵਿੱਚ ਸੰਪਰਕ ਕਰੋ ਜਿਸ ਵਿੱਚ ਮੁਰੰਮਤ(ਮੁਰੰਮਤਾਂ) ਦੇ ਸਪਸ਼ਟ ਵੇਰਵੇ ਦੀ ਲੋੜ ਹੋਵੇਗੀ ਅਤੇ ਕਿਸੇ ਖਾਸ ਮੁਰੰਮਤ(ਮੁਰੰਮਤਾਂ) ਵਾਸਤੇ ਦਰਖਾਸਤ ਹੋਵੇ।
  - ਸਾਰੇ ਸੰਚਾਰ 'ਤੇ ਨਜ਼ਰ ਰੱਖਣ ਲਈ ਇਹ ਕੁੰਜੀ ਹੈ!
  - ਪੱਤਰ (ਜਾਂ ਈਮੇਲ) 'ਤੇ ਦਸਤਖਤ ਕਰਨਾ ਅਤੇ ਤਾਰੀਖ਼ ਪਾਉਣਾ ਯਕੀਨੀ ਬਣਾਓ ਅਤੇ ਕੋਈ ਵੀ ਪੱਤਰ ਟ੍ਰੈਕਿੰਗ ਨਾਲ ਭੇਜੋ। ਪੱਤਰਾਂ ਵਿਚ ਆਪਣਾ ਪਤਾ ਸ਼ਾਮਲ ਕਰੋ।
  - ਆਪਣੇ ਰੈਕਰਡ ਵਾਸਤੇ ਸਾਰੇ ਦਸਤਾਵੇਜ਼ਾਂ ਦੀਆਂ ਨਕਲਾਂ ਅਤੇ ਕਿਸੇ ਵੀ ਜ਼ੁਬਾਨੀ ਗੱਲਬਾਤ ਦਾ ਫ਼ੋਨ ਲੌਗ ਰੱਖੋ, ਜਿਸ ਵਿਚ ਗੱਲਬਾਤ ਦਾ ਵੇਰਵਾ, ਸਮਾਂ ਅਤੇ ਤਾਰੀਖ ਸ਼ਾਮਲ ਹੋਵੇ।
- ਮੁਰੰਮਤ ਦੀ ਲੋੜ ਵਾਲੀ ਥਾਂ (ਥਾਵਾਂ) ਦੀਆਂ ਫ਼ੋਟੋਆਂ ਲਓ ਅਤੇ ਆਪਣੇ ਰਿਕਾਰਡ ਵਾਸਤੇ ਇਹਨਾਂ ਨੂੰ ਇੱਕ ਤੋਂ ਵਧੇਰੇ ਸਥਾਨਾਂ 'ਤੇ ਸੰਭਾਲਕੇ ਰੱਖੋ।
  - ਜੇ ਤੁਹਾਨੂੰ ਕੋਈ ਜਵਾਬ ਪ੍ਰਾਪਤ ਨਹੀਂ ਹੁੰਦਾ ਤਾਂ ਲਿਖਤੀ ਰੂਪ ਵਿੱਚ ਪੈਰਵਾਈ ਕਰੋ। ਜੇ ਤੁਹਾਨੂੰ ਅਜੇ ਵੀ ਕੋਈ ਹੁੰਗਾਰਾ ਨਹੀਂ ਮਿਲਦਾ, ਤਾਂ ਆਪਣੇ ਅਧਿਕਾਰਾਂ ਦਾ ਦਾਅਵਾ ਕਰਨ ਵਿੱਚ ਮਦਦ ਵਾਸਤੇ ਕਿਸੇ ਵਕੀਲ ਕੋਲ ਪਹੁੰਚ ਕਰੋ।

**ਅਹਿਮ:**

ਕਿਰਾਏਦਾਰਾਂ ਨੂੰ ਕਿਸੇ ਵਕੀਲ ਨਾਲ ਗੱਲ ਕਰਨੀ ਚਾਹੀਦੀ ਹੈ ਜੇ ਉਹਨਾਂ ਦੇ ਕਿਰਾਏ ਦੇ ਯੂਨਿਟਾਂ ਨਾਲ ਕੁੱਝ ਖਾਸ ਮਸਲੇ ਹਨ। ਇਹ ਫਲਾਇਰ ਕੇਵਲ ਆਮ ਜਾਣਕਾਰੀ ਵਾਸਤੇ ਹੈ।

## ਵਧੇਰੇ ਜਾਣਕਾਰੀ ਲਈ:

ਵੈਬਸਾਈਟ: www.HERACA.org ਈਮੇਲ: inquiries@heraca.org ਫੋਨ: 510-271-8443

SOURCES

- California Civil Code section 1941 states that a property must be in a "habitable" condition. (
Green v. Superior Court (1974) 10 Cal.3d 616, 637-638 [111 Cal.Rptr. 704, 719]; Civil Code Sections 1941, 1941.1.
- https://leginfo.legislature.ca.gov/faces/codes_displaySection.xhtml?lawCode=CIV&sectionNum=1941.1.